MODEL TEST PAPER
CLASS-X (PB.)
PUNJABI
PAPER-A

Time Allowed: Three Hours **Maximum Marks : 70**

1. ਵਸਤੂਨਿਸ਼ਠ ਪ੍ਰਸ਼ਨ:

(ੳ) ਮਨਜੀਤ ਨਿਹਾਲ ਕੌਰ ਦੀ ਕੀ ਲੱਗਦੀ ਸੀ ? 1

(ਅ) ਵਜ਼ੀਰਾ ਘਰੋਂ ਕਿਹੜੇ ਸੰਦ ਲੈ ਕੇ ਗਿਆ ਸੀ ? 1

(ੲ) ਤੁਰਨ ਨਾਲ਼ ਮਨ ਵਿੱਚ ਕੀ ਉਪਜਦਾ ਹੈ ? 1

(ਸ) ਬੰਤੇ ਦੇ ਕਿੰਨੇ ਮੁੰਡੇ ਅਤੇ ਕਿੰਨੀਆਂ ਕੁੜੀਆਂ ਸਨ ? 1

(ਹ) ਬੰਤੇ ਦੇ ਵਾਲ਼ ਕਿਸ ਨੇ ਕਟਵਾ ਦਿੱਤੇ ਸਨ ? 1

(ਕ) 'ਬੰਮ ਬਹਾਦਰ' ਕਹਾਣੀ ਵਿੱਚ ਮਹੰਤ ਕੌਣ ਹੈ ? 1

(ਖ) ਅਮਰੀਕ ਦੀ ਸੋਚਣੀ ਅਨੁਸਾਰ ਪਿਓ ਕਿਹੋ-ਜਿਹੇ ਹੋਣੇ ਚਾਹੀਦੇ ਹਨ ? 1

(ਗ) ਜ਼ਫ਼ਰਨਾਮਾ ਇਕਾਂਗੀ ਦੇ ਲੇਖਕ ਦਾ ਨਾਮ ਦੱਸੋ ? 1

(ਘ) 'ਏ ਸਰੀਰਾ ਮੇਰਿਆ' ਬਾਣੀ/ਕਵਿਤਾ ਕਿਸ ਨੂੰ ਸੰਬੋਧਿਤ ਹੈ ? 1

(ਙ) ਫ਼ਰੀਦ ਜੀ ਅਨੁਸਾਰ ਸਭ ਦੇ ਹਿਰਦਿਆਂ ਵਿੱਚ ਕੌਣ ਵੱਸਦਾ ਹੈ ? 1

10 x 1 = 10

2. ਹੇਠ ਲਿਖੇ ਕਾਵਿ ਟੋਟਿਆਂ ਵਿੱਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਲਗਪਗ 150 ਸ਼ਬਦਾਂ ਵਿੱਚ ਲਿਖੋ :

(ੳ) ਅਸੀ ਖਤੇ ਬਹੁਤ ਕਮਾਵਦੇ ਅੰਤੁ ਨ ਪਾਰਾਵਾਰੁ ॥
ਦਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ ॥ 5

(ਅ) ਫ਼ਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰ॥
ਮਤ ਸਰਮਿੰਦਾ ਥੀਵਹੀ ਸਾਈ ਦੇ ਦਰਬਾਰਿ॥ 5

(ੲ) ਘੋੜੇ ਆਦਮੀ ਗੋਲ਼ਿਆਂ ਨਾਲ ਉੱਡਣ,
ਹਾਥੀ ਢਹਿੰਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ । 5

(ਸ) ਬੂਹੇ ਟੰਮਕ ਵੱਜਿਆ, ਸਾਹਿਬਾਂ ਘੱਤੇ ਤੇਲ ।
ਅੰਦਰ ਬੈਠੇ ਨਾਨਕੇ, ਬੂਹੇ ਬੈਠਾ ਮੇਲ ।
ਥਾਲੀ ਵਟਣਾ ਰਹਿ ਗਿਆ, ਕੁੱਪੇ ਅਤਰ ਫੁਲੇਲ ।
ਗਹਿਣੇ ਸਣੇ ਪਟਾਰੀਆਂ, ਝਾਂਜਰ ਸਣੇ ਹਮੇਲ । 5

5+ 5 = 10

3. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਗਪਗ 40 ਸ਼ਬਦਾਂ ਵਿੱਚ ਲਿਖੋ:

(ੳ) ਸਤਿਗੁਰ ਨਾਨਕ ਪ੍ਰਗਟਿਆ (ਭਾਈ ਗੁਰਦਾਸ ਜੀ)

(ਅ) ਹੀਰ ਦਾ ਸਿਦਕ (ਵਾਰਿਸ ਸ਼ਾਹ) 5

4. ਹੇਠ ਲਿਖੇ ਲੇਖਾਂ ਵਿੱਚੋਂ ਕਿਸੇ ਇੱਕ ਲੇਖ ਦਾ ਸਾਰ ਲਗਪਗ 150 ਸ਼ਬਦਾਂ ਵਿੱਚ ਲਿਖੋ:

(ੳ) ਮੇਰੇ ਵੱਡੇ ਵਡੇਰੇ (ਗਿਆਨੀ ਗੁਰਦਿੱਤ ਸਿੰਘ)

(ਅ) ਮਹਾਂਕਵੀ ਕਾਲੀਦਾਸ (ਪਿਆਰਾ ਸਿੰਘ ਪਦਮ) 7

5. ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖੋ:

(ੳ) ਬਾਬੇ ਪੁਨੂੰ ਤੇ ਭਲਵਾਨ ਦੀ ਕੁਸ਼ਤੀ ਦਾ ਵਰਨਣ ਕਰੋ। 3

(ਅ) ਕਾਰਲਾਈਲ ਦਾ ਆਪਣੀ ਪਤਨੀ ਨਾਲ਼ ਵਤੀਰਾ ਕਿਹੋ-ਜਿਹਾ ਸੀ ਤੇ ਕਿਉਂ ? 3

(ਏ) ਮਰਦਾਨੇ ਅਤੇ ਫਰਹਿੰਦੇ ਰਬਾਬੀ ਦੀ ਆਪਸ ਵਿੱਚ ਹੋਈ ਵਾਰਤਾਲਾਪ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ। 3

(ਸ) ਮਨੁੱਖੀ ਸਖਸ਼ੀਅਤ ਲਈ ਤਜਰਬੇ ਦੇ ਮੌਕਿਆਂ ਦੀ ਕੀ ਦੇਣ ਹੈ? 3

3+ 3 = 6

6. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ ਇੱਕ ਕਹਾਣੀ ਦਾ ਸਾਰ ਲਗਪਗ 150 ਸ਼ਬਦਾਂ ਵਿੱਚ ਲਿਖੋ:

(ੳ) ਬਾਗ਼ੀ ਦੀ ਧੀ (ਗੁਰਮੁਖ ਸਿੰਘ ਮੁਸਾਫ਼ਿਰ)

(ਅ) ਇੱਕ ਪੈਰ ਘੱਟ ਤੁਰਨਾ (ਅਜੀਤ ਕੌਰ) 7

7. ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖੋ:

(ੳ) ਰਸ਼ੀਦ ਨੇ ਦਫ਼ਤਰ ਦੀ ਨੌਕਰੀ ਤੋਂ ਅਸਤੀਫ਼ਾ ਦੇਣ ਲਈ ਕਿਉਂ ਸੋਚਿਆ ? 3

(ਅ) ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਤੋਂ ਕਿਹੜੀ ਗੱਲ ਛੁਪਾਈ ਅਤੇ ਕਿਉਂ ? 3

(ਏ) ਵੀਰਾਂਵਾਲੀ ਦੀ ਮੌਤ ਦਾ ਕੀ ਕਾਰਨ ਸੀ ? 3

(ਸ) ਬੰਮ ਨੂੰ ਮਾਤਾਦੀਨ ਨਾਲ਼ ਕਿਸ ਗੱਲੋਂ ਈਰਖਾ ਸੀ ? 3

3+ 3 = 6

8. ਹੇਠ ਲਿਖੇ ਵਿੱਚੋਂ ਕਿਸੇ ਇੱਕ ਦਾ ਪਾਤਰ-ਚਿਤਰਨ ਲਗਪਗ 125 ਸ਼ਬਦਾਂ ਵਿੱਚ ਲਿਖੋ:

(ੳ) ਵੀਰਾਂਵਾਲੀ (ਬੰਬ ਕੇਸ)

(ਅ) ਨਿਹਾਲ ਕੌਰ (ਦੂਜਾ ਵਿਆਹ) 6

9. ਹੇਠ ਲਿਖੇ ਵਾਰਤਾਲਾਪ ਵਿੱਚੋਂ ਕਿਸੇ ਇੱਕ ਵਾਰਤਾਲਾਪ ਦੇ ਪ੍ਰਸ਼ਨਾਂ ਦੇ ਉੱਤਰ ਲਿਖੋ:

"ਵਜ਼ੀਰ ਖ਼ਾਂ ਨੇ ਗੁਰੂ ਦੇ ਦੋਨੋਂ ਛੋਟੇ ਬੇਟੇ ਜੀਉਂਦੇ ਨੀਹਾਂ ਵਿੱਚ ਚਿਣਾ ਕੇ ਮਰਵਾ ਦਿੱਤੇ ਹਨ।"

(i) ਇਹ ਸ਼ਬਦ ਕਿਹੜੇ ਇਕਾਂਗੀ ਵਿਚੋਂ ਹਨ? 1

(ii) ਇਸ ਇਕਾਂਗੀ ਦਾ ਲੇਖਕ ਕੌਣ ਹੈ? 1

(iii) ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ? 1

ਜਾਂ

"ਅਨਪੜ੍ਹ ਅਤੇ ਗਵਾਰ ਔਰਤਾਂ ਵੀ ਆਪਣੇ ਪਤੀਆਂ ਕੋਲ ਇੱਥੇ ਆ ਜਾਂਦੀਆਂ ਨੇ, ਫੇਰ ਸ਼ਰਨਜੀਤ ਤਾਂ ਚੰਗੀ ਪੜ੍ਹੀ-ਲਿਖੀ ਕੁੜੀ ਏ "।

(iv) ਇਹ ਸ਼ਬਦ ਕਿਹੜੇ ਇਕਾਂਗੀ ਵਿਚੋਂ ਹਨ? 1

(v) ਇਸ ਇਕਾਂਗੀ ਦਾ ਲੇਖਕ ਕੌਣ ਹੈ? 1

(vi) ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ? 1

1+ 1+ 1 =3

10. ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਆਧਾਰ 'ਤੇ ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਦਾ ਪਾਤਰ -ਚਿਤਰਨ ਲਗਪਗ 150 ਸ਼ਬਦਾਂ ਵਿੱਚ ਲਿਖੋ:

(ੳ) ਬੰਤਾ (ਅ) ਤਾਰੋ (ਏ) ਫੂੰਮਣ 7

11.ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਲਗਪਗ 40 ਸ਼ਬਦਾਂ ਵਿੱਚ ਕਰੋ:

(ੳ) 'ਲੋੜ ਤੈਨੂੰ ਪਊ ਸ਼ਾਮ ਨੂੰ, ਕਿਸੇ ਵੇਲੇ ਭਾਨ ਖੁਣੋਂ ਸਵਾਰੀ ਨਹੀਂ ਮਿਲਦੀ।'

(ਅ) 'ਸਾਨੂੰ ਪਿੰਡਾਂ ਆਲਿਆਂ ਨੂੰ ਤਾਂ ਕੁੱਝ ਸਮਝਦੇ ਈ ਨਹੀਂ। ਇੱਕ ਤਾਂ ਮੁੱਛਦੇ ਐ ਸਾਡੇ ਅਰਗਿਆਂ ਨੂੰ, ਦੂਜਾ ਟਿਚਰਾਂ ਕਰਦੇ ਆ।'

1+ 2 =3